# Oregon ਵਿੱਚ ਤੰਬਾਕੂ ਵੇਚਣ ਲਈ ਲਾਇਸੈਂਸ ਦੀ ਲੋੜ ਹੈ

## ਤੰਬਾਕੂ ਪ੍ਰਚੂਨ ਲਾਇਸੰਸ ਜਾਣਕਾਰੀ ਅਤੇ ਸਹਾਇਤਾ

1 ਜਨਵਰੀ, 2022 ਤੋਂ, Oregon ਵਿੱਚ ਕੋਈ ਵੀ ਰਿਟੇਲਰ/ਪ੍ਰਚੂਨ ਵਿਕਰੇਤਾ ਜੋ ਤੰਬਾਕੂ, ਜਾਂ ਇਨਹੇਲੈਂਟ ਡਿਲੀਵਰੀ ਸਿਸਟਮ (Inhalant Delivery System, IDS) ਉਤਪਾਦ ਵੇਚਦਾ ਹੈ, ਜਿਸਨੂੰ ਈ-ਸਿਗਰੇਟ ਜਾਂ ਵੈਪਿੰਗ ਉਤਪਾਦਾਂ ਵਜੋਂ ਵੀ ਜਾਣਿਆ ਜਾਂਦਾ ਹੈ, ਕੋਲ ਲਾਇਸੰਸ ਹੋਣਾ ਲਾਜ਼ਮੀ ਹੈ।

## ਤੰਬਾਕੂ ਪ੍ਰਚੂਨ ਲਾਇਸੰਸ ਨੌਜਵਾਨਾਂ ਦੀ ਰੱਖਿਆ ਕਰਦੇ ਹਨ

1 ਜਨਵਰੀ, 2022 ਤੋਂ, Oregon ਵਿੱਚ ਕੋਈ ਵੀ ਰਿਟੇਲਰ/ਪ੍ਰਚੂਨ ਵਿਕਰੇਤਾ ਜੋ ਤੰਬਾਕੂ, ਜਾਂ ਇਨਹੇਲੈਂਟ ਡਿਲੀਵਰੀ ਸਿਸਟਮ (Inhalant Delivery System, IDS) ਉਤਪਾਦ ਵੇਚਦਾ ਹੈ, ਜਿਸਨੂੰ ਈ-ਸਿਗਰੇਟ ਜਾਂ ਵੈਪਿੰਗ ਉਤਪਾਦਾਂ ਵਜੋਂ ਵੀ ਜਾਣਿਆ ਜਾਂਦਾ ਹੈ, ਕੋਲ ਲਾਇਸੰਸ ਹੋਣਾ ਲਾਜ਼ਮੀ ਹੈ।

Oregon ਵਿੱਚ ਬੱਚਿਆਂ ਲਈ ਤੰਬਾਕੂ ਅਤੇ IDS ਉਤਪਾਦ ਪ੍ਰਾਪਤ ਕਰਨਾ ਬਹੁਤ ਆਸਾਨ ਹੈ। 2023 ਵਿੱਚ, ਓਰੇਗਨ ਹੈਲਥ ਅਥਾਰਟੀ (Oregon Health Authority, OHA) ਦੁਆਰਾ ਕੀਤੀ ਗਈ ਸਮੀਖਿਆ ਵਿੱਚ, OHA ਦੁਆਰਾ ਨਿਰੀਖਣ ਕੀਤੇ ਜਾਣ ਤੇ ਪਤਾ ਲੱਗਿਆ ਕਿ ਚਾਰ ਤੰਬਾਕੂ ਪ੍ਰਚੂਨ ਵਿਕਰੇਤਾਵਾਂ ਵਿੱਚੋਂ ਲਗਭਗ ਇੱਕ ਨੇ 21 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਤੰਬਾਕੂ ਉਤਪਾਦ ਵੇਚੇ ਹਨ। ਜੋ ਕਿ ਕਾਨੂੰਨ ਦੇ ਵਿਰੁੱਧ ਹੈ।

## ਤੰਬਾਕੂ ਪ੍ਰਚੂਨ ਲਾਇਸੈਂਸ ਕਾਨੂੰਨ ਸਹਾਇਤਾ ਕਰ ਸਕਦਾ ਹੈ

ਤੰਬਾਕੂ ਪ੍ਰਚੂਨ ਲਾਇਸੰਸਿੰਗ ਸਾਰੇ ਪ੍ਰਚੂਨ ਵਿਕਰੇਤਾਵਾਂ ਨੂੰ ਇੱਕੋ ਜਿਹੇ ਪੱਧਰ 'ਤੇ ਰੱਖਦੀ ਹੈ। ਰਾਜ ਫਿਰ ਇਹ ਕਰ ਸਕਦਾ ਹੈ:

- ਟ੍ਰੈਕ ਕਰ ਸਕਦਾ ਹੈ ਕਿ ਤੰਬਾਕੂ ਕਿੱਥੇ ਵੇਚਿਆ ਜਾਂਦਾ ਹੈ
- ਤੰਬਾਕੂ ਵਿਕਰੀ ਕਾਨੂੰਨਾਂ ਨੂੰ ਲਾਗੂ ਕਰ ਸਕਦਾ ਹੈ, ਅਤੇ
- ਸਿੱਖਿਆ ਅਤੇ ਸਿਖਲਾਈ ਦੇ ਨਾਲ ਪ੍ਰਚੂਨ ਮਾਲਕਾਂ ਅਤੇ ਕਰਮਚਾਰੀਆਂ ਦਾ ਸਮਰਥਨ ਕਰ ਸਕਦਾ ਹੈ।

Oregon Health Authority

# ਲਾਇਸੰਸ ਵਿੱਚ ਕੀ ਸ਼ਾਮਲ ਹੈ

## ਉਤਪਾਦ



ਕਾਨੂੰਨ ਦੇ ਅਨੁਸਾਰ ਕਿਸੇ ਵੀ ਤੰਬਾਕੂ ਜਾਂ IDS ਉਤਪਾਦ ਨੂੰ ਵੇਚਣ ਲਈ ਤੰਬਾਕੂ ਪ੍ਰਚੂਨ ਲਾਇਸੈਂਸ ਦੀ ਲੋੜ ਹੁੰਦੀ ਹੈ, ਜਿਵੇਂ ਕਿ:

- ਸਿਗਰੇਟ
- ਸਿਗਾਰ
- ਚੱਬਣ ਵਾਲਾ ਤੰਬਾਕੂ
- ਈ-ਸਿਗਰਟ ਅਤੇ ਵੇਪ ਉਤਪਾਦ, ਅਤੇ
- ਤੰਬਾਕੂ ਉਤਪਾਦ ਦੀ ਖਪਤ, ਵਰਤੋਂ ਜਾਂ ਤਿਆਰੀ ਲਈ ਡਿਜ਼ਾਈਨ ਕੀਤੀ ਕੋਈ ਹੋਰ ਵਸਤੂ।

## ਪ੍ਰਚੂਨ ਵਿਕਰੇਤਾ

ਕੋਈ ਵੀ ਵਿਅਕਤੀ ਜੋ ਤੰਬਾਕੂ ਜਾਂ IDS ਉਤਪਾਦ ਸਿੱਧਾ ਖਪਤਕਾਰਾਂ ਨੂੰ ਵੇਚਦਾ ਹੈ, ਉਹ ਇੱਕ ਰਿਟੇਲਰ/ਤੰਬਾਕੂ ਪ੍ਰਚੂਨ ਵਿਕਰੇਤਾ ਹੁੰਦਾ ਹੈ। ਜਿਨ੍ਹਾਂ ਕੋਲ ਤੰਬਾਕੂ ਵੇਚਣ ਲਈ ਤੰਬਾਕੂ ਪ੍ਰਚੂਨ ਲਾਇਸੰਸ ਹੋਣਾ ਚਾਹੀਦਾ ਹੈ ਉਹਨਾਂ ਵਿੱਚ ਸ਼ਾਮਲ ਹਨ:

- ਪ੍ਰਚੂਨ ਸਟੋਰ
- ਸਿਗਾਰ ਅਤੇ ਹੁੱਕਾ ਲੌਂਜ
- ਵੇਪ ਦੁਕਾਨਾਂ, ਅਤੇ
- ਬਾਰ।




ਕਾਨੂੰਨ ਇਹਨਾਂ ਉੱਤੇ ਲਾਗੂ **ਨਹੀਂ** ਹੁੰਦਾ ਹੈ:

- ਕਬਾਇਲੀ ਜ਼ਮੀਨਾਂ 'ਤੇ ਪ੍ਰਚੂਨ ਵਿਕਰੇਤਾ
- ਓਰੇਗਨ ਸ਼ਰਾਬ ਅਤੇ ਕੈਨਾਬਿਸ ਕਮਿਸ਼ਨ (Oregon Liquor and Cannabis Commission, OLCC)-ਲਾਇਸੰਸਸ਼ੁਦਾ ਮਾਰਿਜੁਆਨਾ ਪ੍ਰਚੂਨ ਵਿਕਰੇਤਾ, ਜਾਂ
- OHA-ਲਾਇਸੰਸਸ਼ੁਦਾ ਮਾਰਿਜੁਆਨਾ ਡਿਸਪੈਂਸਰੀਆਂ ਜੋ ਨਿਕੋਟੀਨ ਵਾਲੇ IDS ਉਤਪਾਦ ਨਹੀਂ ਵੇਚਦੀਆਂ ।



## ਪ੍ਰਚੂਨ ਲਾਇਸੰਸ

ਪ੍ਰਚੂਨ ਵਿਕਰੇਤਾਵਾਂ ਨੂੰ ਗਾਹਕਾਂ ਲਈ ਆਸਾਨੀ ਨਾਲ ਦਿਖਣ ਵਾਲੀ ਥਾਂ 'ਤੇ ਲਾਇਸੈਂਸ ਪੋਸਟ ਕਰਨਾ ਚਾਹੀਦਾ ਹੈ।

ਕੁਝ ਕਾਉਂਟੀਆਂ ਵਿੱਚ ਪ੍ਰਚੂਨ ਵਿਕਰੇਤਾ ਆਪਣੇ ਕਾਉਂਟੀ ਤੰਬਾਕੂ ਪ੍ਰਚੂਨ ਲਾਇਸੈਂਸ ਪ੍ਰੋਗਰਾਮ ਦੇ ਤਹਿਤ ਕੰਮ ਕਰਦੇ ਹਨ। ਓਰੇਗਨ ਡਿਪਾਰਟਮੈਂਟ ਆਫ਼ ਰੈਵੇਨਿਊ (Department of Revenue, DOR) ਕੋਲ ਉਹਨਾਂ ਦੇ ਰਾਜ ਵਿਆਪੀ ਤੰਬਾਕੂ ਪ੍ਰਚੂਨ ਲਾਇਸੈਂਸ ਵੈੱਬਪੰਨੇ 'ਤੇ ਸਥਾਨਕ ਪ੍ਰੋਗਰਾਮ ਵੈੱਬਸਾਈਟਾਂ ਦੀ ਇੱਕ ਸੂਚੀ ਹੈ।

DOR ਅਤੇ OHA ਮਿਲ ਕੇ ਰਾਜ ਵਿਆਪੀ ਤੰਬਾਕੂ ਪ੍ਰਚੂਨ ਲਾਇਸੰਸ ਨੂੰ ਨਿਯੰਤ੍ਰਿਤ ਕਰਦੇ ਹਨ। ਹੇਠਾਂ ਹਰੇਕ ਦੀਆਂ ਭੂਮਿਕਾਵਾਂ ਦਿੱਤੀਆਂ ਗਈਆਂ ਹਨ।

DOR:

- ਤੰਬਾਕੂ ਅਤੇ ਸਿਗਰਟ ਦੇ ਕਰਾਂ ਦਾ ਪ੍ਰਬੰਧ ਕਰਦਾ ਹੈ
- ਲਾਇਸੰਸ ਜਾਰੀ ਕਰਦਾ ਹੈ
- ਫੀਸਾਂ ਇਕੱਠੀਆਂ ਕਰਦਾ ਹੈ
- ਲਾਇਸੰਸਿੰਗ ਲੋੜਾਂ ਨੂੰ ਲਾਗੂ ਕਰਦਾ ਹੈ, ਅਤੇ
- ਲੋੜ ਪੈਣ 'ਤੇ ਲਾਇਸੈਂਸ ਮੁਅੱਤਲ ਜਾਂ ਰੱਦ ਕਰਦਾ ਹੈ।

OHA:

- ਪ੍ਰਚੂਨ ਵਿਕਰੇਤਾਵਾਂ ਨੂੰ ਤੰਬਾਕੂ ਵਿਕਰੀ ਕਾਨੂੰਨਾਂ ਬਾਰੇ ਸਿੱਖਿਆ ਦਿੰਦਾ ਹੈ
- ਪਾਲਣਾ ਸੰਬੰਧੀ ਜਾਂਚਾਂ ਨੂੰ ਆਯੋਜਿਤ ਕਰਦਾ ਹੈ, ਅਤੇ
- ਤੰਬਾਕੂ ਵਿਕਰੀ ਕਾਨੂੰਨਾਂ ਦੀ ਉਲੰਘਣਾ ਲਈ ਜੁਰਮਾਨੇ ਜਾਰੀ ਕਰਦਾ ਹੈ।

## ਰਿਟੇਲਰਾਂ/ਪ੍ਰਚੂਨ ਵਿਕਰੇਤਾਵਾਂ ਲਈ ਲੋੜਾਂ ਅਤੇ ਸਰੋਤ

### ਪ੍ਰਚੂਨ ਵਿਕਰੇਤਾ ਮਾਲ ਵਿਭਾਗ ਦੇ ਤੰਬਾਕੂ ਪ੍ਰਚੂਨ ਲਾਇਸੰਸ ਵੈੱਬਪੰਨੇ 'ਤੇ ਤੰਬਾਕੂ ਪ੍ਰਚੂਨ ਲਾਇਸੰਸ ਲਈ ਅਰਜ਼ੀ ਦਿੰਦੇ ਹਨ

ਲਾਗਤ

ਪ੍ਰਚੂਨ ਵਿਕਰੇਤਾ $ 953.00 ਦੀ ਸਾਲਾਨਾ ਫੀਸ ਅਦਾ ਕਰਦੇ ਹਨ, ਬਹੁਤ ਸਾਰੀਆਂ ਥਾਂਵਾਂ ਵਾਲੇ ਪ੍ਰਚੂਨ ਵਿਕਰੇਤਾਵਾਂ ਨੂੰ ਹਰੇਕ ਥਾਂ ਲਈ ਲਾਇਸੈਂਸ ਦੀ ਲੋੜ ਹੁੰਦੀ ਹੈ। ਲਾਇਸੈਂਸ ਫੀਸ ਪ੍ਰੋਗਰਾਮ ਦੇ ਪ੍ਰਬੰਧਨ ਦੇ ਖਰਚਿਆਂ ਨੂੰ ਕਵਰ ਕਰਦੀ ਹੈ।

ਰਾਜ ਵਿਆਪੀ ਤੰਬਾਕੂ ਪ੍ਰਚੂਨ ਲਾਇਸੰਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ QR ਕੋਡ ਨੂੰ ਸਕੈਨ ਕਰੋ ਜਾਂ ਮਾਲ ਵਿਭਾਗ ਦੇ ਵੈੱਬਪੰਨੇ 'ਤੇ ਜਾਓ: https://www.oregon.gov/dor/programs/businesses/pages/statewide-tobacco-retail-license.aspx।

## OHA ਲਾਗੂਕਰਨ

ਇਹ ਯਕੀਨੀ ਬਣਾਉਣ ਲਈ ਸਾਲਾਨਾ ਦੇ ਨਿਰੀਖਣ ਆਯੋਜਿਤ ਕਰਦਾ ਹੈ ਕਿ ਪ੍ਰਚੂਨ ਵਿਕਰੇਤਾ:

- 21 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਉਤਪਾਦ ਨਾ ਵੇਚਣ, ਅਤੇ
- ਸਾਰੇ ਤੰਬਾਕੂ ਪ੍ਰਚੂਨ ਵਿਕਰੀ ਕਾਨੂੰਨਾਂ ਦੀ ਪਾਲਣਾ ਕਰਨ।

ਇਸ ਬਾਰੇ ਜਾਣਕਾਰੀ ਲਈ www.healthoregon.org/tobaccoretailsales 'ਤੇ ਜਾਓ:

- ਲਾਇਸੰਸ ਨਾ ਹੋਣ ਤੇ DOR ਦੇ ਜੁਰਮਾਨੇ, ਅਤੇ
- ਤੰਬਾਕੂ ਵਿਕਰੀ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿਣ ਲਈ OHA ਜੁਰਮਾਨੇ।

## ਪਾਲਣਾ ਸਰੋਤ

DOR, OHA ਅਤੇ ਸਥਾਨਕ ਜਨਤਕ ਸਿਹਤ ਅਧਿਕਾਰੀ ਕਾਨੂੰਨ ਨੂੰ ਸਮਝਣ ਅਤੇ ਉਸਦੀ ਪਾਲਣਾ ਕਰਨ ਵਿੱਚ ਪ੍ਰਚੂਨ ਵਿਕਰੇਤਾਵਾਂ ਦੀ ਸਹਾਇਤਾ ਕਰਨ ਲਈ ਉਪਲਬਧ ਹਨ। OHA ਹੇਠਾਂ ਦਿੱਤੇ ਸਰੋਤ **ਮੁਫ਼ਤ ਵਿੱਚ** ਪ੍ਰਦਾਨ ਕਰਦਾ ਹੈ:

- ਪ੍ਰਚੂਨ ਵਿਕਰੇਤਾਵਾਂ ਲਈ ਤੰਬਾਕੂ ਪ੍ਰਚੂਨ ਲਾਇਸੰਸ ਸਿਖਲਾਈ ਮੈਨੂਅਲ
- ਕਈ ਭਾਸ਼ਾਵਾਂ ਵਿੱਚ ਕਾਨੂੰਨ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ।
- ਰਾਜ ਦੇ ਪ੍ਰੋਗਰਾਮ ਕਰਮਚਾਰੀਆਂ ਤੋਂ ਸਿੱਖਿਆ ਅਤੇ ਸਹਾਇਤਾ
- Oregon ਦੇ ਤੰਬਾਕੂ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਪ੍ਰਚੂਨ ਵਿਕਰੇਤਾਵਾਂ ਦੀ ਸਹਾਇਤਾ ਕਰਨ ਲਈ ਉਪਕਰਨਾਂ ਸਮੇਤ ਨਿਯਮਤ ਸਮਾਚਾਰ-ਪੱਤਰ
- ਕਾਨੂੰਨ ਬਦਲਣ 'ਤੇ ਅੱਪਡੇਟ।
- ਸਵਾਲਾਂ ਦੇ ਜਵਾਬ ਦੇਣ ਲਈ ਰਾਜ ਪ੍ਰੋਗਰਾਮ ਦੇ ਕਰਮਚਾਰੀਆਂ ਤੱਕ ਪਹੁੰਚ।

ਰਾਜ ਵਿਆਪੀ ਤੰਬਾਕੂ ਪ੍ਰਚੂਨ ਲਾਇਸੰਸ ਸਰੋਤਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ QR ਕੋਡ ਨੂੰ ਸਕੈਨ ਕਰੋ ਜਾਂ ਤੰਬਾਕੂ ਰੋਕਥਾਮ ਵੈੱਬਪੰਨੇ 'ਤੇ ਜਾਓ: healthoregon.org/tobaccoretailsales

ਤੁਸੀਂ ਇਸ ਦਸਤਾਵੇਜ਼ ਨੂੰ ਹੋਰ ਭਾਸ਼ਾਵਾਂ, ਵੱਡੇ ਪ੍ਰਿੰਟ, ਬ੍ਰੇਲ ਜਾਂ ਫਾਰਮੈਟ ਵਿੱਚ ਮੁਫ਼ਤ ਪ੍ਰਾਪਤ ਕਰ ਸਕਦੇ ਹੋ। ਈਮੇਲ Tobacco.Inspections@odhsoha.oregon.gov ਜਾਂ 971-673-2283 'ਤੇ ਤੰਬਾਕੂ ਪ੍ਰਚੂਨ ਲਾਇਸੈਂਸ ਪ੍ਰੋਗਰਾਮ ਨਾਲ ਸੰਪਰਕ ਕਰੋ। ਅਸੀਂ ਸਾਰੀਆਂ ਰਲਿਐ ਕਾਲਾਂ ਸਵੀਕਾਰ ਕਰਦੇ ਹਾਂ।

200-335750 (03/24) Punjabi

Oregon Health Authority